# Envoys of Thailand, Romania, Kazakhstan and Turkey present credentials to the President of India

July 07, 2021

## ਥਾਈਲੈਂਡ, ਰੋਮਾਨੀਆ, ਕਜ਼ਾਕਿਸਤਾਨ ਅਤੇ ਤੁਰਕੀ ਦੇ ਦੂਤਾਂ ਨੇ ਭਾਰਤੀ ਰਾਸ਼ਟਰਪਤੀ ਨੂੰ ਸੌਂਪੇ ਪ੍ਰਮਾਣ ਪੱਤਰ

ਜੁਲਾਈ 7, 2021

ਭਾਰਤੀ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਨੇ ਅੱਜ (7 ਜੁਲਾਈ, 2021) ਨੂੰ ਥਾਈਲੈਂਡ ਰਾਜ, ਰੋਮਾਨੀਆ, ਕਜ਼ਾਕਿਸਤਾਨ ਅਤੇ ਤੁਰਕੀ ਗਣਰਾਜ ਦੇ ਰਾਜਦੂਤਾਂ ਵੱਲੋਂ ਸੌਂਪੇ ਗਏ ਪ੍ਰਮਾਣ ਪੱਤਰ ਸਵੀਕਾਰ ਕੀਤੇ। ਜਿਨ੍ਹਾਂ ਜਿਨ੍ਹਾਂ ਨੇ ਆਪਣੀ ਪ੍ਰਮਾਣ ਪੱਤਰ ਪੇਸ਼ ਕੀਤੇ, ਉਹ ਸਨ:

1. ਥਾਈਲੈਂਡ ਰਾਜ ਦੀ ਰਾਜਦੂਤ - ਮਹਾਮਹਿਮ ਸ਼੍ਰੀਮਤੀ ਪਤਾਰਾਰਤ ਹੋਂਗਤੋਂਗ
2. ਰੋਮਾਨੀਆ ਦੀ ਰਾਜਦੂਤ - ਮਹਾਮਹਿਮ ਸ਼੍ਰੀਮਤੀ ਡੈਨੀਲਾ ਮਾਰੀਆਨਾ ਸੇਜ਼ੋਨੋਵ ਟੇਨ
3. ਕਜ਼ਾਕਿਸਤਾਨ ਗਣਰਾਜ ਦੇ ਰਾਜਦੂਤ - ਮਹਾਮਹਿਮ ਸ੍ਰੀ ਨੂਰਲਾਨ ਜ਼ਲਗਾਸਬਾਯੇਵ
4. ਤੁਰਕੀ ਗਣਰਾਜ ਦੇ ਰਾਜਦੂਤ - ਮਹਾਮਹਿਮ ਸ੍ਰੀ ਫਿਰਾਟਸੂਨਲ

ਇਸ ਮੌਕੇ ਬੋਲਦੇ ਹੋਏ ਰਾਸ਼ਟਰਪਤੀ ਨੇ ਥਾਈਲੈਂਡ, ਰੋਮਾਨੀਆ, ਕਜ਼ਾਕਿਸਤਾਨ ਅਤੇ ਤੁਰਕੀ ਦੇ ਰਾਜਦੂਤਾਂ ਨੂੰ ਉਨ੍ਹਾਂ ਦੀ ਨਿਯੁਕਤੀ 'ਤੇ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਇਨ੍ਹਾਂ ਸਾਰੇ ਦੇਸ਼ਾਂ ਨਾਲ ਨਿੱਘੇ ਅਤੇ ਦੋਸਤਾਨਾ ਸਬੰਧ ਹਨ ਅਤੇ ਸਾਡੇ ਸਬੰਧ ਸ਼ਾਂਤੀ ਅਤੇ ਖੁਸ਼ਹਾਲੀ ਦੇ ਸਾਂਝੇ ਦ੍ਰਿਸ਼ਟੀਕੋਣ ਤੇ ਆਧਾਰਤ ਹਨ।

ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਸਾਰਿਆਂ ਦੀ ਸਾਮੂਹਿਕ ਸਿਹਤ ਅਤੇ ਆਰਥਿਕ ਸਿਹਤ ਨੂੰ ਯਕੀਨੀ ਬਣਾਉਣ ਲਈ COVID - 19 ਮਹਾਂਮਾਰੀ ਦਾ ਫੈਸਲਾਕੁੰਨ ਅਤੇ ਤਾਲਮੇਲ ਨਾਲ ਜਵਾਬ ਦੇਣ ਦੀਆਂ ਆਲਮੀ ਕੋਸ਼ਿਸ਼ਾਂ ਵਿੱਚ ਮੋਹਰੀ ਰਿਹਾ ਹੈ। 'ਦੁਨੀਆਂ ਦਾ ਦਵਾਖਾਨਾ' ਹੋਣ ਵਜੋਂ ਭਾਰਤ ਨੇ COVID -19 ਵਿਰੁੱਧ ਆਲਮੀ ਜੰਗ ਵਿੱਚ ਕਈ ਦੇਸ਼ਾਂ ਨੂੰ ਜ਼ਰੂਰੀ ਦਵਾਈਆਂ ਅਤੇ ਸਾਜ਼ੋ-ਸਮਾਨ ਦੀ ਸਪਲਾਈ ਵਿੱਚ ਸਹਾਇਤਾ ਕੀਤੀ ਹੈ।

ਥਾਈਲੈਂਡ, ਰੋਮਾਨੀਆ, ਕਜ਼ਾਕਿਸਤਾਨ ਅਤੇ ਤੁਰਕੀ ਦੇ ਰਾਜਦੂਤਾਂ ਨੇ ਆਪਣੇ ਨੇਤਾਵਾਂ ਵੱਲੋਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਭਾਰਤ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੰਮ ਕਰਦੇ ਰਹਿਣ ਦੀ ਆਪਣੀ ਵਚਨਬੱਧਤਾ ਦੁਹਰਾਈ।

ਨਵੀਂ ਦਿੱਲੀ

ਜੁਲਾਈ 7, 2021

DISCLAIMER: This is an approximate translation. The original is available in English on MEA's website and may be referred to as the official press release.